General Certificate of Education
Advanced Subsidiary Examination
June 2014

# Panjabi

# PANJ1

## Unit 1 Reading and Writing

# Insert

**Text to be used when answering Section 1**

A

Text for use with **Section 1**

(ੳ)

## ਗਲੀਆਂ ਵਿੱਚ ਰੁਲਦਾ ਬਚਪਨ

ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਬਾਲ ਮਜ਼ਦੂਰੀ ਖਤਮ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਹ ਸਾਰੇ ਝੂਠੇ ਹੀ ਲਗਦੇ ਹਨ । ਅਸੀਂ ਪੰਜਾਬ ਵਿੱਚ ਨਿੱਕੀਆਂ ਨਿੱਕੀਆਂ ਜਿੰਦਾਂ ਨੂੰ ਬੱਸਾਂ ਗੱਡੀਆਂ ਵਿੱਚ ਸਾਮਾਨ ਵੇਚਦੇ, ਢਾਬਿਆਂ ਤੇ ਭਾਂਡੇ ਮਾਂਜਦੇ, ਗਲੀਆਂ ਵਿੱਚ ਬੂਟ ਪਾਲਿਸ਼ਾਂ ਕਰਦੇ ਜਾਂ ਕੂੜੇ ਦੇ ਢੇਰਾਂ ਵਿੱਚੋਂ ਲੋਹਾ ਜਾਂ ਪੌਲੀਥੀਨ ਇਕੱਠੀ ਕਰਦੇ ਆਮ ਸ਼ਹਿਰਾਂ ਵਿੱਚ ਦੇਖ ਸਕਦੇ ਹਾਂ । ਇਹ ਨਿਮਾਣਾ ਜਿਹਾ ਬਚਪਨ ਕਦੇ ਰੋਟੀ ਖਾਤਰ ਕਿਸੇ ਅੱਗੇ ਹੱਥ ਅੱਡਦਾ ਹੈ ਅਤੇ ਕਦੇ ਕੂੜੇ ਦੇ ਢੇਰਾਂ ਵਿੱਚ ਹੱਥ ਮਾਰਦਾ ਹੈ, ਉਹ ਵੀ ਬਿਨਾਂ ਕਿਸੇ ਬਿਮਾਰੀ ਦੇ ਭੈਅ ਤੋਂ ।

ਭਾਵੇਂ ਸਰਕਾਰਾਂ ਵਲੋਂ ਸਾਰਿਆਂ ਨੂੰ ਸਿੱਖਿਆ ਦੇਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਬੱਚਿਆਂ ਲਈ ਇਹ ਗੱਲ ਵੀ ਝੂਠ ਹੀ ਲਗਦੀ ਹੈ । ਇਨ੍ਹਾਂ ਬੱਚਿਆਂ ਦੀ ਹਾਲਤ ਦੇਖ ਕੇ ਲਗਦਾ ਹੈ ਕਿ ਇਹ ਹਾਲਾਤ ਇਨ੍ਹਾਂ ਦੇ ਭਵਿੱਖ ਨੂੰ ਬਰਬਾਦ ਕਰ ਰਹੇ ਹਨ । ਇਨ੍ਹਾਂ ਬੱਚਿਆਂ ਲਈ ਆਮ ਇਨਸਾਨ ਦੀ ਜ਼ਿੰਦਗੀ ਜਿਉਣਾ ਵੀ ਇੱਕ ਸੁਪਨਾ ਹੈ । ਸਰਕਾਰਾਂ ਦੇ ਨਾਲ ਨਾਲ ਸਮਾਜ ਸੇਵਕ ਸੰਸਥਾਵਾਂ ਨੂੰ ਵੀ ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਰੁਲਦੇ ਹੋਏ ਬੱਚਿਆਂ ਦੇ ਭਵਿੱਖ ਨੂੰ ਸਾਂਭਿਆ ਜਾ ਸਕੇ ।

Text for use with **Section 1**

(ਅ)

## ਸੁੰਦਰਤਾ - ਮੁਕਾਬਲੇ ਅਤੇ ਪੰਜਾਬੀ ਸਭਿਆਚਾਰ

ਸੁੰਦਰਤਾ ਔਰਤ ਨੂੰ ਰੱਬ ਵਲੋਂ ਮਿਲੀ ਵਧੀਆ ਸੁਗਾਤ ਹੈ ਅਤੇ ਖਾਸ ਤੌਰ ਤੇ ਪੰਜਾਬਣਾਂ ਨੂੰ ਤਾਂ ਇਹ ਰੱਬ ਨੇ ਖੁੱਲ੍ਹੇ ਦਿਲ ਨਾਲ ਦਿੱਤੀ ਹੈ। ਪੰਜਾਬੀ ਵਿੱਚ ਔਰਤ ਦੀ ਸੁੰਦਰਤਾ ਤੋਂ ਬਿਨਾਂ ਸ਼ਾਇਦ ਹੀ ਕੋਈ ਹੋਰ ਵਿਸ਼ਾ ਹੋਵੇਗਾ ਜਿਸ ਉੱਤੇ ਲੇਖਕਾਂ ਨੇ ਇੰਨੀਆਂ ਰਚਨਾਵਾਂ ਲਿਖੀਆਂ ਹੋਣ।

ਪੰਜਾਬ ਦੀ ਮੁਟਿਆਰ ਨੇ ਕੇਵਲ ਸੁੰਦਰਤਾ ਦਾ ਤਾਜ ਹੀ ਨਹੀਂ ਪਹਿਨਿਆ ਸਗੋਂ ਸਮੇਂ- ਸਮੇਂ ਤੇ ਦਲੇਰੀ ਨਾਲ ਧਰਮ ਨਿਭਾਉਣ ਲਈ ਕੁਰਬਾਨੀਆਂ ਵੀ ਕੀਤੀਆਂ। ਪੰਜਾਬੀ ਔਰਤ ਵੱਖ - ਵੱਖ ਰੋਲ ਨਿਭਾਉਂਦੀ ਹੋਈ ਪਰਿਵਾਰ ਨੂੰ ਸੇਧ ਦੇਣ ਦਾ ਕਾਰਜ ਕਰਦੀ ਰਹੀ ਹੈ। ਇਸ ਕਾਰਨ ਔਰਤ ਸਾਡੀ ਬੋਲੀ ਵਿੱਚ ਮਾਂ, ਧੀ, ਭੈਣ ਜਾਂ ਬੀਬੀ ਵਰਗੇ ਇੱਜ਼ਤ ਭਰੇ ਸ਼ਬਦਾਂ ਨਾਲ ਪੁਕਾਰੀ ਜਾਂਦੀ ਹੈ।

ਦੁੱਖ ਦੀ ਗੱਲ ਹੈ ਕਿ ਮਜ਼ਬੂਤ ਇਰਾਦੇ ਵਾਲੀ ਪੰਜਾਬਣ, ਪੰਦਰਾਂ ਸੋਲਾਂ ਸਾਲਾਂ ਤੋਂ ਝੁੱਲੀ ਸੁੰਦਰਤਾ ਦੇ ਮੁਕਾਬਲਿਆਂ ਦੀ ਹਨ੍ਹੇਰੀ ਵਿੱਚ ਉੱਡਣ ਲੱਗ ਪਈ ਹੈ। ਅਮੀਰ ਵਪਾਰੀਆਂ ਨੇ ਆਪਣੀਆਂ ਜੇਬਾਂ ਭਰਨ ਲਈ ਇਹ ਹਨ੍ਹੇਰੀ ਪੰਜਾਬ ਵਿੱਚ ਵੀ ਝੁਲਾ ਦਿੱਤੀ। ਪੰਜਾਬੀਆਂ ਨੇ ਇਨ੍ਹਾਂ ਮੁਕਾਬਲਿਆਂ ਨੂੰ ਸਵੀਕਾਰ ਕਰਕੇ ਪੰਜਾਬੀ ਸਭਿਆਚਾਰ ਦਾ ਹਿੱਸਾ ਬਣਾ ਲਿਆ। ਸੋਚਿਆ ਤੱਕ ਨਹੀਂ ਕਿ ਇਹ ਸਾਡੇ ਸਭਿਆਚਾਰ ਅਤੇ ਧਰਮ ਲਈ ਕਿੰਨੇ ਕੁ ਢੁਕਵੇਂ ਹਨ ਅਤੇ ਅਸੀਂ ਕਿਸ ਤਰ੍ਹਾਂ ਦੇ ਭਵਿੱਖ ਦੀ ਉਸਾਰੀ ਕਰ ਰਹੇ ਹਾਂ!

**There are no questions printed on this page**

Copyright © 2014 AQA and its licensors. All rights reserved.